BRAMPTON **Service and Information Update**

# ਸੜਕਾਂ ਤੇ ਪਾਰਕਿੰਗ, ਖੇਡ ਦੇ ਮੈਦਾਨ ਅਤੇ ਸਰੀਰਕ ਦੂਰੀ: ਸਿਟੀ, ਕੋਵਿਡ-19 ਦੇ ਦੌਰਾਨ ਨਿਵਾਸੀਆਂ ਨੂੰ ਬਾਇ-ਲਾਅ ਯਾਦ ਕਰਵਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (30 ਜੂਨ, 2020) – ਸਿਟੀ ਆਫ ਬ੍ਰੈਂਪਟਨ, ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਉਹ ਪੂਰਾ ਸਾਲ, ਹੇਠਾਂ ਦਿੱਤੇ ਬਾਇ-ਲਾਅ ਨੂੰ ਮਹੱਤਵਪੂਰਣ ਸਮਝਣ। ਬਾਇ-ਲਾਅ, ਸਾਫ਼-ਸੁਥਰੇ ਅਤੇ ਸੁਰੱਖਿਅਤ ਸ਼ਹਿਰ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ। ਹਰ ਬ੍ਰੈਂਪਟਨ ਵਾਸੀ ਇਹਨਾਂ ਮਿਆਰਾਂ (ਸਟੈਂਡਰਡਸ) ਨੂੰ ਕਾਇਮ ਰੱਖਣ ਵਿੱਚ ਭੂਮਿਕਾ ਨਿਭਾ ਸਕਦਾ ਹੈ।

ਬ੍ਰੈਂਪਟਨ ਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਹਾਲਾਂਕਿ ਪੀਲ ਰੀਜਨ (Peel Region) ਹੁਣ ਸਟੇਜ 2 ਵੱਲ ਵਧ ਗਿਆ ਹੈ, ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਅਕਤੀਆਂ ਉੱਤੇ, ਬ੍ਰੈਂਪਟਨ ਕੋਵਿਡ-19 ਐਮਰਜੈਂਸੀ ਮੇਜਰਸ ਬਾਇ-ਲਾਅ (Brampton COVID-19 Emergency Measures By-law) ਹੇਠ, ਉਲੰਘਣਾ ਦੇ ਹਰੇਕ ਅਪਰਾਧ ਲਈ ਘੱਟੋ-ਘੱਟ $500 ਦਾ ਅਤੇ ਵੱਧ ਤੋਂ ਵੱਧ $100,000 ਤੱਕ ਦਾ ਜੁਰਮਾਨਾ, ਜਾਂ ਸੂਬਾਈ ਐਮਰਜੈਂਸੀ ਮੈਨੇਜਮੈਂਟ ਐਂਡ ਸਿਵਿਲ ਪ੍ਰੋਟੈਕਸ਼ਨ ਐਕਟ (ਈ.ਐਮ.ਸੀ.ਪੀ.ਏ.) (Emergency Management and Civil Protection Act) (EMCPA) ਦੇ ਅਧੀਨ ਜੁਰਮਾਨਾ ਲਗਾਇਆ ਜਾ ਸਕਦਾ ਹੈ। ਉਹਨਾਂ ਤੇ ਸਿਟੀ ਦੇ ਹੋਰ ਮਹੱਤਵਪੂਰਣ ਬਾਇ-ਲਾਅ ਦੇ ਹੇਠ ਵੀ ਜੁਰਮਾਨਾ ਲਗਾਇਆ ਜਾ ਸਕਦਾ ਹੈ, ਜੇਕਰ ਉਹ ਉਹਨਾਂ ਦੀ ਪਾਲਣਾ ਨਹੀਂ ਕਰਦੇ ਹਨ।

**ਸਿਟੀ ਵਿੱਚ ਸੜਕਾਂ ਤੇ ਪਾਰਕਿੰਗ**

ਸਟਾਫ਼, ਜੁਲਾਈ ਵਿੱਚ ਸਿਟੀ ਦੇ ਟ੍ਰੈਫਿਕ ਅਤੇ ਪਾਰਕਿੰਗ ਸਬੰਧੀ ਬਾਇ-ਲਾਅ (Traffic and Parking By-law) ਦੇ ਅਧੀਨ, ਉਲੰਘਣਾਵਾਂ ਦੇ ਵਿਰੁੱਧ ਦੁਬਾਰਾ ਜੁਰਮਾਨੇ ਲਾਗੂ ਕਰਨਾ ਸ਼ੁਰੂ ਕਰੇਗਾ, ਜਿਹਨਾਂ ਨੂੰ ਕੋਵਿਡ-19 (COVID-19) ਮਹਾਂਮਾਰੀ ਦੇ ਕਾਰਨ, ਅਸਥਾਈ ਤੌਰ ਤੇ ਸਥਗਿਤ ਕਰ ਦਿੱਤਾ ਗਿਆ ਸੀ। ਸੋਮਵਾਰ, 6 ਜੁਲਾਈ, 2020 ਨੂੰ, ਪੂਰੀ ਰਾਤ ਦੀ ਪਾਰਕਿੰਗ ਲਈ, ਬਾਇ-ਲਾਅ ਨੂੰ ਮੁੜ ਲਾਗੂ ਕਰਨਾ ਸ਼ੁਰੂ ਕੀਤਾ ਜਾਵੇਗਾ। ਸਿਟੀ ਦੇ ਟ੍ਰੈਫਿਕ ਅਤੇ ਪਾਰਕਿੰਗ ਸਬੰਧੀ ਬਾਇ-ਲਾਅ ਦੇ ਅਧੀਨ, ਰਾਤ 2 ਵਜੇ ਤੋਂ ਸਵੇਰੇ 6 ਵਜੇ ਦੇ ਵਿਚਕਾਰ, ਸੜਕਾਂ ਤੇ ਵਾਹਨਾਂ ਦੀ ਪਾਰਕਿੰਗ ਨਹੀਂ ਕੀਤੀ ਜਾ ਸਕਦੀ। ਸੋਮਵਾਰ, 6 ਜੁਲਾਈ, 2020 ਨੂੰ, ਤਿੰਨ ਘੰਟੇ ਦੀ ਪਾਰਕਿੰਗ ਉਲੰਘਣਾਵਾਂ ਦੇ ਵਿਰੁੱਧ ਜੁਰਮਾਨੇ ਮੁੜ ਸ਼ੁਰੂ ਕੀਤੇ ਜਾਣਗੇ। ਬਾਇ-ਲਾਅ ਦੇ ਅਧੀਨ, ਇੱਕੋ ਸਮੇਂ, ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ, ਸੜਕਾਂ ਤੇ ਵਾਹਨਾਂ ਦੀ ਪਾਰਕਿੰਗ ਨਹੀਂ ਕੀਤੀ ਜਾ ਸਕਦੀ।

ਪਾਰਕਿੰਗ ਬਾਰੇ ਵਿਚਾਰ ਕਰਨ ਲਈ ਅਰਜ਼ੀਆਂ, ਲਗਾਤਾਰ ਔਨਲਾਈਨ ਜਾਂ 311 ਤੇ ਫੋਨ ਕਰਕੇ ਉਪਲਬਧ ਹਨ। ਜਿਹਨਾਂ ਵਾਹਨਾਂ ਨੂੰ 6 ਜੁਲਾਈ, 2020 ਤੋਂ ਬਾਅਦ ਸੜਕ ਤੇ ਪਾਰਕਿੰਗ ਦੀ ਲੋੜ ਹੋਵੇ, ਉਹਨਾਂ ਲਈ ਸਿਟੀ ਦੀ ਵੈਬਸਾਈਟ (website) ਤੇ ਇੱਕ ਅਰਜ਼ੀ ਉਪਲਬਧ ਹੈ। ਵਿਕਲਪਿਕ ਤੌਰ ਤੇ, ਪਗਡੰਡੀ ਅਤੇ ਸੜਕ ਦੇ ਵਿਚਕਾਰ ਵਾਲੇ ਰਸਤੇ ਦੀ, ਬੁਲੇਵਾਰਡ ਵਾਲੀ ਥਾਂ ਤੇ ਵਾਹਨਾਂ ਦੀ ਪਾਰਕਿੰਗ ਕੀਤੀ ਜਾ ਸਕਦੀ ਹੈ।

ਨਿਰੀਖਣ ਲਈ ਅਤੇ ਨਿੱਜੀ ਪ੍ਰਾਪਰਟੀ ਤੇ ਜੁਰਮਾਨਾ ਨੋਟਿਸ ਜਾਰੀ ਕਰਨ ਲਈ ਜ਼ਿੰਮੇਵਾਰ ਪ੍ਰਾਈਵੇਟ ਸਿਕਿਓਰਿਟੀ ਕੰਪਨੀਆਂ, ਪਹੁੰਚਯੋਗ ਪਾਰਕਿੰਗ ਸਬੰਧੀ ਉਲੰਘਣਾਵਾਂ ਲਈ ਕਨੂੰਨ ਲਾਗੂ ਕਰਨ ਅਤੇ ਫਾਇਰ ਰੂਟ ਲਾਗੂਕਰਣ ਤੋਂ ਇਲਾਵਾ, ਪ੍ਰਾਈਵੇਟ ਪ੍ਰਾਪਰਟੀ ਤੇ ਪਾਰਕਿੰਗ ਕਰਨ (Park on Private Property) ਦੇ ਅਪਰਾਧ ਲਈ ਬਾਇ-ਲਾਅ ਮੁੜ ਲਾਗੂ ਕਰਨਾ ਵੀ ਸ਼ੁਰੂ ਕਰਨਗੀਆਂ।

**ਪਾਰਕਾਂ ਦੀ ਵਰਤੋਂ**

ਹਾਲਾਂਕਿ ਸਿਟੀ ਦੇ ਪਾਰਕ ਹੁਣ ਖੁੱਲ ਗਏ ਹਨ, ਫਿਰ ਵੀ ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਟੇਜ 2 ਹੇਠ, ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਬਚਾਅ ਲਈ, ਸਾਰੇ ਖੇਡਾਂ ਦੇ ਮੈਦਾਨ ਅਤੇ ਖੇਡਣ ਦੇ ਉਪਕਰਨ, ਆਉਟਡੋਰ ਫਿਟਨੈਸ ਉਪਕਰਨ ਅਤੇ ਪੀਣ ਵਾਲੇ ਪਾਣੀ ਦੀਆਂ ਪ੍ਰਣਾਲੀਆਂ ਬੰਦ ਰਹਿਣਗੀਆਂ।

**ਸਰੀਰਕ ਦੂਰੀ**

ਜਿਵੇਂ ਕਿ ਨਿਵਾਸੀ ਗਰਮੀ ਦੇ ਮੌਸਮ ਵਿੱਚ ਅਨੰਦ ਮਾਣਨ ਲਈ, ਲਗਾਤਾਰ ਬਾਹਰ ਜਾ ਰਹੇ ਹਨ, ਤਾਂ ਸਿਟੀ ਉਹਨਾਂ ਨੂੰ ਯਾਦ ਕਰਾਉਂਦੀ ਹੈ ਕਿ ਉਹ ਸਰੀਰਕ ਦੂਰੀ ਕਾਇਮ ਰੱਖਣ ਨੂੰ ਮਹੱਤਵਪੂਰਣ ਸਮਝਣ। ਹਰ ਕਿਸੇ ਲਈ, ਆਪਣੇ ਸਮਾਜਿਕ ਦਾਇਰੇ (social circle) ਤੋਂ ਬਾਹਰ ਰਹਿਣ ਵਾਲੇ ਕਿਸੇ ਵੀ ਵਿਅਕਤੀ ਤੋਂ 2.0 ਮੀਟਰ ਦੀ ਦੂਰੀ ਕਾਇਮ ਰੱਖਣਾ ਲਾਜ਼ਮੀ ਹੈ। ਈ.ਐਮ.ਸੀ.ਪੀ.ਏ. (EMCPA) ਦੇ ਅਧੀਨ, ਦਸ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਹੈ।

ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਹ ਦਸ ਤੋਂ ਵੱਧ ਲੋਕਾਂ ਨੂੰ ਇਕੱਠੇ ਦੇਖਣ ਜਾਂ ਕਾਰੋਬਾਰੀਆਂ ਨੂੰ ਸਰੀਰਕ ਦੂਰੀ ਦੀ ਪਾਲਣਾ ਨਾ ਕਰਦੇ ਦੇਖਣ, ਤਾਂ ਇਸਦੀ ਰਿਪੋਰਟ ਕਰਨ ਲਈ 311 ਤੇ ਫੋਨ ਕਰਨ।

ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਭਾਈਚਾਰੇ ਨੂੰ ਸਹਿਯੋਗ ਕਰਨ ਦੇ ਸਿਟੀ ਦੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ। ਸਿਟੀ ਦੇ ਬਾਇ-ਲਾਅ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

.

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca